BRAMPTON Flower City brampton.ca

media release

11 ਜਨਵਰੀ, 2018

# ਸੰਪਤੀ ਪ੍ਰਬੰਧਨ ਲਈ ਵਿਸ਼ਵਵਿਆਪੀ ਤੌਰ 'ਤੇ ਮਾਨਤਾ ਪ੍ਰਾਪਤ ਯੋਗਤਾਵਾਂ ਦੀ ਪੇਸ਼ਕਸ਼ ਹੁਣ ਬ੍ਰੈਂਪਟਨ ਵਿੱਚ

ਬ੍ਰੈਂਪਟਨ, ਓਨਟੈਰੀਓ – ਕਿਉਂਕਿ ਕੈਨੇਡਾ ਵਿੱਚ ਪਹਿਲਾ ਅਸੈਟ ਮੈਨੇਜਮੈਂਟ ਟ੍ਰੇਨਿੰਗ ਐਂਡ ਇਨੋਵੇਸ਼ਨ ਸੈਂਟਰ (Asset Management Training and Innovation Centre) ਵਿਸ਼ਵਵਿਆਪੀ ਤੌਰ 'ਤੇ ਮਾਨਤਾ ਪ੍ਰਾਪਤ ਯੋਗਤਾਵਾਂ ਦੀ ਪੇਸ਼ਕਸ਼ ਕਰ ਰਿਹਾ ਹੈ, ਇਸਲਈ ਸਿਟੀ ਆਫ ਬ੍ਰੈਂਪਟਨ (City of Brampton) ਨੂੰ ਮਿਊਨਿਸਿਪਲ ਸਟਾਫ ਦੀ ਅੰਤਰਰਾਸ਼ਟਰੀ ਬਿਹਤਰ ਪੱਧਤੀਆਂ ਨੂੰ ਅਪਨਾਉਣ ਅਤੇ ਸੰਪਤੀ ਪ੍ਰਬੰਧਨ ਯੋਜਨਾਬੰਦੀ ਸਬੰਧੀ ਨਵੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦ ਲਈ ਵਿਆਪਕ ਟ੍ਰੇਨਿੰਗ ਦੀ ਪੇਸ਼ਕਸ਼ ਕਰਨ ਵਿੱਚ ਖੁਸ਼ੀ ਹੈ।

1 ਜਨਵਰੀ, 2018 ਤੋਂ ਪ੍ਰਭਾਵੀ, *Ontario Regulation 588/2017: Asset Management Planning for Municipal Infrastructure (ਓਨਟੈਰੀਓ ਰੈਗੂਲੇਸ਼ਨ 588/2017: ਮਿਊਨਿਸਿਪਲ ਇੰਫ੍ਰਾਸਟ੍ਰਕਚਰ ਲਈ ਸੰਪਤੀ ਪ੍ਰਬੰਧਨ ਯੋਜਨਾ)* ਵਿੱਚ ਸ਼ਰਤ ਹੈ ਕਿ ਹਰੇਕ ਮਿਊਨਿਸਿਪਲਟੀ 1 ਜੁਲਾਈ, 2019 ਤੱਕ ਇੱਕ ਕਾਰਜਨੀਤੀ ਸਬੰਧੀ ਸੰਪਤੀ ਪ੍ਰਬੰਧਨ ਨੀਤੀ ਅਤੇ 1 ਜੁਲਾਈ, 2024 ਤੱਕ ਇੱਕ ਚਰਨਬੱਧ ਸੰਪਤੀ ਪ੍ਰਬੰਧਨ ਯੋਜਨਾ ਵਿਕਸਿਤ ਕਰੇ।

ਪਿਛਲੇ ਸਾਲ, ਸਿਟੀ ਆਫ ਬ੍ਰੈਂਪਟਨ ਨੇ ਅਸੈਟ ਮੈਨੇਜਮੈਂਟ ਅਕੈਡਮੀ (Asset Management Academy) (ਏ.ਐਮ.ਏ.) (AMA) ਦੀ ਭਾਈਵਾਲੀ ਵਿੱਚ ਅਸੈਟ ਮੈਨੇਜਮੈਂਟ ਟ੍ਰੇਨਿੰਗ ਐਂਡ ਇਨੋਵੇਸ਼ਨ ਸੈਂਟਰ ਦੀ ਸ਼ੁਰੂਆਤ ਕੀਤੀ ਸੀ। ਇੰਸਟੀਟਿਊਟ ਆਫ ਅਸੈਟ ਮੈਨੇਜਮੈਂਟ (Institute of Asset Management) (ਆਈ.ਏ.ਐਮ.) (IAM) ਵੱਲੋਂ ਸਮਰਥਿਤ, ਸੰਪਤੀ ਪ੍ਰਬੰਧਨ ਪੇਸ਼ਾਵਰਾਂ ਲਈ ਵਿਸ਼ਵਵਿਆਪੀ ਸੰਸਥਾ, ਸਿਟੀ ਆਫ ਬ੍ਰੈਂਪਟਨ ਸੰਪਤੀ ਪ੍ਰਬੰਧਨ ਲਈ ISO 55000 ਮਿਆਰਾਂ ਦੇ ਮੁਤਾਬਕ ਅੰਤਰਰਾਸ਼ਟਰੀ ਬਿਹਤਰ ਪੱਧਤੀਆਂ 'ਤੇ ਕੇਂਦਰਿਤ ਟ੍ਰੇਨਿੰਗ ਕੋਰਸ ਪੇਸ਼ ਕਰਨ ਵਾਲਾ ਕੈਨੇਡਾ ਵਿੱਚ ਇਸ ਤਰ੍ਹਾਂ ਦਾ ਪਹਿਲਾ ਟ੍ਰੇਨਿੰਗ ਅਤੇ ਪਰੀਖਿਆ ਸਥਾਨ ਬਣ ਗਿਆ ਹੈ।

ਕਿਉਂਕਿ ਓਨਟੈਰੀਓ ਦੀਆਂ ਮਿਊਨਿਸਿਪਲਟੀਜ਼ ਸੰਪਤੀ ਪ੍ਰਬੰਧਨ ਯੋਜਨਾਬੰਦੀ ਦੀ ਜ਼ਿੰਮੇਵਾਰੀ ਲੈਣ ਲਈ ਸਟਾਫ ਸਮਰੱਥਾ ਵਧਾਉਂਦੀਆਂ ਹਨ, ਸੈਂਟਰ ਵਿਖੇ ਪੇਸ਼ ਕੀਤੇ ਜਾਣ ਵਾਲੇ ਟ੍ਰੇਨਿੰਗ ਅਤੇ ਨੈਟਵਰਕਿੰਗ ਮੌਕੇ ਉਹਨਾਂ ਦੀ ਸੰਪਤੀ ਪ੍ਰਬੰਧਨ ਯੋਜਨਾਬੰਦੀ ਸਬੰਧੀ ਗਿਆਨ ਨੂੰ ਵਧਾਉਣਗੇ, ਨਾਲ ਹੀ ਸੰਪਤੀ ਪ੍ਰਬੰਧਨ ਯੋਜਨਾਬੰਦੀ ਰੈਗੂਲੇਸ਼ਨ ਦੀਆਂ ਨਵੀਆਂ ਸ਼ਰਤਾਂ ਨੂੰ ਪੂਰਾ ਕਰਨ ਵਿੱਚ ਉਹਨਾਂ ਦੀ ਮਦਦ ਕਰਨਗੇ।

ਟ੍ਰੇਨਿੰਗ ਕੋਰਸ ਪੂਰੇ ਕੈਨੇਡਾ ਵਿੱਚ ਵਿਸ਼ਵਵਿਆਪੀ ਤੌਰ 'ਤੇ ਮਾਨਤਾ ਪ੍ਰਾਪਤ ਯੋਗਤਾਵਾਂ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲੇ ਜਨਤਕ ਅਤੇ ਨਿੱਜੀ, ਦੋਵੇਂ ਖੇਤਰ ਸੰਗਠਨਾਂ ਦੇ ਉਮੀਦਵਾਰਾਂ ਲਈ ਖੁੱਲ੍ਹੇ ਹਨ: ਆਈ.ਏ.ਐਮ. (IAM) ਸਰਟੀਫਿਕੇਟ ਅਤੇ ਆਈ.ਏ.ਐਮ. (IAM) ਡਿਪਲੋਮਾ।

ਆਗਾਮੀ ਟ੍ਰੇਨਿੰਗ ਸੈਸ਼ਨਾਂ ਬਾਰੇ ਜਾਣਕਾਰੀ ਅਤੇ ਕੋਰਸ ਦੇ ਵੇਰਵੇ www.brampton.ca/AMTraining 'ਤੇ ਉਪਲਬਧ ਹਨ

**ਹਵਾਲਾ:**

"ਕੈਨੇਡਾ ਵਿੱਚ ਇਸ ਤਰ੍ਹਾਂ ਦੇ ਪਹਿਲੇ ਵਿਸ਼ਵਵਿਆਪੀ ਤੌਰ 'ਤੇ ਮਾਨਤਾ ਪ੍ਰਾਪਤ ਅਸੈਟ ਮੈਨੇਜਮੈਂਟ ਟ੍ਰੇਨਿੰਗ ਐਂਡ ਇਨੋਵੇਸ਼ਨ ਸੈਂਟਰ ਦੀ ਸ਼ੁਰੂਆਤ ਕਰਨਾ ਇਹ ਸਿੱਧ ਕਰਦਾ ਹੈ ਕਿ ਸਿਟੀ ਆਫ ਬ੍ਰੈਂਪਟਨ ਵੱਡਾ ਸੋਚ ਰਿਹਾ ਹੈ ਅਤੇ ਸਾਡੀ ਸਿਟੀ ਨੂੰ ਇੱਕ ਪ੍ਰਮੁੱਖ ਇਨੋਵੇਟਰ ਦੇ ਤੌਰ 'ਤੇ ਅੱਗੇ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਨੂੰ ਸੰਪਤੀ ਪ੍ਰਬੰਧਨ ਦੇ ਅਭਿਆਸ ਨੂੰ ਅੱਗੇ ਵਧਾਉਣ ਵਿੱਚ ਏ.ਐਮ.ਏ. (AMA) ਅਤੇ ਆਈ.ਏ.ਐਮ. (IAM) ਦੇ ਨਾਲ ਤਾਲਮੇਲ ਕਰਨ 'ਤੇ ਮਾਣ ਹੈ, ਜੋ ਕਿ ਪੂਰੇ ਰਾਸ਼ਟਰ ਦੀਆਂ ਸਾਰੀਆਂ ਮਿਊਨਿਸਿਪਲਟੀਜ਼ ਲਈ ਮਹੱਤਵਪੂਰਨ ਹੈ।"

- ਮੇਅਰ ਲਿੰਡਾ ਜੈਫਰੀ (Linda Jeffrey)

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca